# 6-9 ਸਾਲ ਦੀ ਉਮਰ ਦੇ ਬੱਚਿਆਂ ਲਈ ਪ੍ਰਤੀਭਾਗੀ ਜਾਣਕਾਰੀ ਸ਼ੀਟ ਸੰਸ6 03.10.20

ਕੋਵਿਡ-19 ਵਿਸ਼ਾਣੂੰ ਨੇ ਸਾਡਿਆਂ ਸਾਰਿਆਂ ਦੀ ਜ਼ਿੰਦਗੀ ਨੂੰ ਬਦਲ ਦਿੱਤਾ ਹੈ। ਸਕੂਲ ਬੰਦ ਹੋ ਗਏ ਹਨ ਬਹੁਤ ਸਾਰੇ ਲੋਕਾਂ ਨੂੰ ਘਰ ਤੋਂ ਕੰਮ ਕਰਨਾ ਪੈ ਰਿਹਾ ਹੈ ਅਤੇ ਬਾਹਰ ਨਹੀਂ ਜਾ ਰਹੇ ਹਨ। ਹੋਰ ਲੋਕ ਕੰਮ ਕਰਨ ਦੇ ਸਮਰੱਥ ਨਹੀਂ ਹਨ। ਇਹ ਸਭ ਕੁਝ ਵਿਸ਼ਾਣੂੰ ਦੇ ਪ੍ਰਸਾਰ ਨੂੰ ਅਤੇ ਲੋਕਾਂ ਨੂੰ ਬਿਮਾਰ ਪੈਣ ਤੋਂ ਰੋਕਣ ਲਈ ਹੈ।

ਅਸੀਂ ਤੁਹਾਨੂੰ ਇਕ ਖੋਜ ਅਧਿਐਨ ਵਿਚ ਭਾਗ ਲੈਣ ਲਈ ਸੱਦਾ ਦੇ ਰਹੇ ਹਾਂ ਤਾਂ ਜੋ ਅਸੀਂ ਇਸ ਵਿਸ਼ਾਣੂੰ ਬਾਰੇ ਹੋਰ ਜਾਣ ਸਕੀਏ। ਇਹ ਵਿਗਿਆਨੀਆਂ ਨੂੰ ਇਸ ਗੱਲ ਦਾ ਪਤਾ ਲਗਾਉਣ ਵਿਚ ਮਦਦ ਕਰੇਗਾ ਕਿ ਅਸੀਂ ਵਿਸ਼ਾਣੂੰ ਨੂੰ ਬਹੁਤ ਜ਼ਿਆਦਾ ਨੁਕਸਾਨ ਕਰਨ ਤੋਂ ਕਿਵੇਂ ਰੋਕ ਸਕਦੇ ਹਾਂ। ਕਿਰਪਾ ਕਰਕੇ ਇਸ ਜਾਣਕਾਰੀ ਨੂੰ ਪੜ੍ਹੋ, ਇਸ ਬਾਰੇ ਕਿਸੇ ਬਾਲਗ ਨਾਲ ਚਰਚਾ ਕਰੋ ਅਤੇ ਫਿਰ ਨਿਰਣਾ ਕਰੋ ਕਿ ਕੀ ਤੁਸੀਂ ਭਾਗ ਲੈਣਾ ਚਾਹੁੰਦੇ ਹੋ।

**ਅਧਿਐਨ ਕਿਸ ਬਾਰੇ ਹੈ?**

ਇਹ ਅਧਿਐਨ ਨਵੇਂ ਕਰੋਨਾਵਾਇਰਸ- ਕੋਵਿਡ-19 ਦੇ ਬਾਰੇ ਹੈ। ਕੋਵਿਡ ਨਵਾਂ ਵਿਸ਼ਾਣੂੰ ਹੈ, ਇਸ ਕਰਕੇ ਕੁਝ ਚੀਜ਼ਾਂ ਹਨ ਜਿਨ੍ਹਾਂ ਬਾਰੇ ਅਸੀਂ ਜਾਣਦੇ ਹਾਂ ਪਰ ਕਈ ਚੀਜ਼ਾਂ ਹਨ ਜਿਨ੍ਹਾਂ ਬਾਰੇ ਅਸੀਂ ਨਹੀਂ ਜਾਣਦੇ ਹਾਂ।

| **ਅਸੀਂ ਕੋਵਿਡ-19 ਬਾਰੇ ਪਹਿਲਾਂ ਤੋਂ ਕੀ ਜਾਣਦੇ ਹਾਂ** | **ਅਸੀਂ ਕੀ ਨਹੀਂ ਜਾਣਦੇ ਹਾਂ ਅਤੇ ਆਸ ਕਰਦੇ ਹਾਂ ਕਿ ਵਾਇਰਸ ਵਾੱਚ (VIRUS WATCH) ਪਤਾ ਲਗਾਏਗੀ** |
|---|---|
| ✓ ਅਸੀਂ ਜਾਣਦੇ ਹਾਂ ਕਿ ਜਦੋਂ ਵੱਡਿਆਂ ਨੂੰ ਕੋਵਿਡ ਹੁੰਦਾ ਹੈ ਉਨ੍ਹਾਂ ਨੂੰ ਅਕਸਰ ਖਾਂਸੀ ਅਤੇ ਉੱਚ ਤਾਪ ਹੁੰਦਾ ਹੈ। | ✗ ਅਸੀਂ ਨਹੀਂ ਜਾਣਦੇ ਕਿ ਕੀ ਬੱਚਿਆਂ ਨੂੰ ਪੇਟ ਦਰਦ, ਦਸਤ, ਜਾਂ ਬਿਮਾਰ ਮਹਿਸੂਸ ਹੋਣ ਵਰਗੇ ਵੱਖਰੇ ਲੱਛਣ ਹੁੰਦੇ ਹਨ। |
| ✓ ਅਸੀਂ ਜਾਣਦੇ ਹਾਂ ਕਿ ਕੋਵਿਡ ਨੇ ਕੁਝ ਬਾਲਗਾਂ ਨੂੰ ਬਹੁਤ ਬਿਮਾਰ ਕੀਤਾ ਹੈ ਪਰ ਇਹ ਕਿ ਬੱਚਿਆਂ ਦੇ ਕੋਵਿਡ ਨਾਲ ਇੰਨਾ ਬਿਮਾਰ ਹੋਣ ਦੀ ਬਹੁਤ ਘੱਟ ਸੰਭਾਵਨਾ ਹੈ। | ✗ ਅਸੀਂ ਨਹੀਂ ਜਾਣਦੇ ਕਿ ਕਿੰਨੇ ਲੋਕਾਂ ਨੂੰ ਜ਼ੁਕਾਮ ਵਾਂਗ ਹਲਕੀ ਜਿਹੀ ਬਿਮਾਰੀ ਹੁੰਦੀ ਹੈ ਜਾਂ ਕੀ ਬੱਚਿਆਂ ਨੂੰ ਬਿਨਾਂ ਬਿਮਾਰ ਹੋਇਆਂ ਕੋਵਿਡ ਹੋ ਸਕਦਾ ਹੈ। |

ਜੇ ਤੁਸੀਂ ਕੋਈ ਪੁੱਛਗਿੱਛ ਕਰਨੀ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਯੂ ਸੀ ਐਲ ਵਾਇਰਸ ਵਾੱਚ ਪ੍ਰੋਜੈਕਟ ਮੈਨੇਜਰ (UCL Virus Watch Project Manager) ਨਾਲ ਸੰਪਰਕ ਕਰੋ: viruswatch@ucl.ac.uk
1-19 ਟੋਰਿੰਗਟਨ ਪਲੇਸ, ਫਿਟਜ਼ਰੋਵਿਆ, ਲੰਡਨ (Torrington Place, Fitzrovia, London) WC1E 7HB

| | |
|---|---|
| ਅਸੀਂ ਜਾਣਦੇ ਹਾਂ ਕਿ ਸਾਡਾ ਸਰੀਰ ਕੁਝ ਲਾਗਾਂ ਨੂੰ ਯਾਦ ਰੱਖਦਾ ਹੈ ਤਾਂ ਜੋ ਉਹ ਭਵਿੱਖ ਵਿਚ ਉਨ੍ਹਾਂ ਦਾ ਟਾਕਰਾ ਕਰਕੇ ਉਨ੍ਹਾਂ ਨੂੰ ਹਰਾ ਸਕੇ। | ✗ਅਸੀਂ ਨਹੀਂ ਜਾਣਦੇ ਕਿ ਕੀ ਕੋਵਿਡ ਦਾ ਇਕ ਵਾਰ ਹੋਣਾ ਤੁਹਾਨੂੰ ਦੁਬਾਰਾ ਇਸਦੇ ਹੋਣ ਨੂੰ ਰੋਕੇਗਾ। |

ਜੇ ਤੁਸੀਂ ਕੋਈ ਪੁੱਛਗਿੱਛ ਕਰਨੀ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਯੂ ਸੀ ਐਲ ਵਾਇਰਸ ਵਾੱਚ ਪ੍ਰੋਜੈਕਟ ਮੈਨੇਜਰ (UCL Virus Watch Project Manager) ਨਾਲ ਸੰਪਰਕ ਕਰੋ: viruswatch@ucl.ac.uk

1-19 ਟੋਰਿੰਗਟਨ ਪਲੇਸ, ਫਿਟਜ਼ਰੋਵਿਆ, ਲੰਡਨ (Torrington Place, Fitzrovia, London) WC1E 7HB

| | |
|---|---|
| ✓ ✓ ਅਸੀਂ ਜਾਣਦੇ ਹਾਂ ਕਿ ਕੋਵਿਡ ਬਹੁਤ ਆਸਾਨੀ ਨਾਲ ਫੈਲ ਸਕਦਾ ਹੈ। | ✗ ਅਸੀਂ ਨਹੀਂ ਜਾਣਦੇ ਕਿ ਬੱਚੇ ਕੋਵਿਡ ਦਾ ਅਕਸਰ ਕਿੰਨਾ ਪ੍ਰਸਾਰ ਕਰਦੇ ਹਨ। |
| ਅਸੀਂ ਜਾਣਦੇ ਹਾਂ ਕਿ ਸਰਕਾਰ ਨੇ ਕੋਵਿਡ ਦੇ ਫੈਲਾਓ ਨੂੰ ਰੋਕਣ ਲਈ ਸਾਨੂੰ ਬਹੁਤ ਸਲਾਹਾਂ ਦਿੱਤੀਆਂ ਹਨ। | ✗ ਅਸੀਂ ਨਹੀਂ ਜਾਣਦੇ ਕਿ ਲੋਕ ਇਸ ਸਲਾਹ ਦੀ ਕਿੰਨੀ ਪਾਲਣਾ ਕਰਨ ਦੇ ਸਮਰੱਥ ਹਨ। |

**ਤੁਸੀਂ ਮੇਰੀ ਸ਼ਮੂਲੀਅਤ ਕਿਉਂ ਚਾਹੁੰਦੇ ਹੋ?**

ਵਾਇਰਸ ਵਾੱਚ (VIRUS WATCH) ਅਧਿਐਨ ਮੰਗ ਕਰਦਾ ਹੈ ਕਿ ਹਰੇਕ ਘਰ ਵਿਚੋਂ ਹਰੇਕ ਵਿਅਕਤੀ ਭਾਗ ਲਵੇ, ਇਸ ਲਈ ਇਹ ਮਹੱਤਵਪੂਰਨ ਹੈ ਕਿ ਅਸੀਂ ਬੱਚਿਆਂ ਅਤੇ ਨੌਜਵਾਨ ਵਿਅਕਤੀਆਂ ਅਤੇ ਨਾਲ ਦੀ ਨਾਲ ਵੱਡਿਆਂ ਨੂੰ ਵੀ ਸ਼ਾਮਲ ਕਰੀਏ।

ਸਾਨੂੰ ਇਹ ਜਾਣਨ ਦੀ ਜ਼ਰੂਰਤ ਹੈ ਕਿ ਕਿੰਨੇ ਬੱਚੇ ਅਤੇ ਨੌਜਵਾਨ ਲੋਕਾਂ ਨੂੰ ਕੋਵਿਡ ਹੁੰਦਾ ਹੈ ਅਤੇ ਇਹ ਕਿ ਕੀ ਉਹ ਘਰ ਵਿਚ ਦੂਜਿਆਂ ਤੱਕ ਇਸਨੂੰ ਫੈਲਾਉਂਦੇ ਹਨ। ਇਸਦਾ ਮਤਲਬ ਇਹ ਹੈ ਕਿ ਅਸੀਂ ਚਾਹਵਾਂਗੇ ਕਿ ਤੁਹਾਡੇ ਘਰ ਵਿਚੋਂ ਹਰ ਕੋਈ ਭਾਗ ਲਵੇ।

ਇਹ ਸਾਨੂੰ ਇਹ ਸਮਝਣ ਵਿਚ ਮਦਦ ਕਰੇਗਾ ਕਿ ਸਕੂਲਾਂ ਨੂੰ ਬੰਦ ਕਰਨਾ ਕਿੰਨਾ ਲਾਹੇਵੰਦ ਹੈ, ਉਨ੍ਹਾਂ ਨੂੰ ਕਿੰਨੀ ਦੇਰ ਲਈ ਬੰਦ ਕੀਤਾ ਜਾਣਾ ਚਾਹੀਦਾ ਹੈ ਅਤੇ ਇਹ ਕਦੋਂ ਖੁੱਲ੍ਹਣੇ ਚਾਹੀਦੇ ਹਨ।

**ਕੀ ਮੇਰਾ ਭਾਗ ਲੈਣਾ ਜ਼ਰੂਰੀ ਹੈ?**

ਨਹੀਂ। ਇਹ ਨਿਰਣਾ ਕਰਨਾ ਤੁਹਾਡੇ ਉੱਪਰ ਹੈ ਕਿ ਭਾਗ ਲੈਣਾ ਹੈ ਜਾਂ ਨਹੀਂ। ਤੁਸੀਂ ਕਿਸੇ ਵੀ ਸਮੇਂ ਅਧਿਐਨ ਨੂੰ ਛੱਡ ਸਕਦੇ ਹੋ ਅਤੇ ਤੁਹਾਨੂੰ ਸਾਨੂੰ ਕੋਈ ਕਾਰਨ ਦੱਸਣ ਦੀ ਜ਼ਰੂਰਤ ਨਹੀਂ ਹੈ।

**ਮੈਨੂੰ ਕੀ ਕਰਨਾ ਪਵੇਗਾ?**

ਇਸ ਅਧਿਐਨ ਦੇ ਕਈ ਹਿੱਸੇ ਹਨ; ਇਹ ਹਿੱਸੇ ਹਨ:

1) ਬਿਮਾਰੀਆਂ ਅਤੇ ਹੋਰ ਜਾਣਕਾਰੀ ਬਾਰੇ ਆਨਲਾਈਨ ਸੂਚਨਾ ਦੇਣਾ

2) ਹਸਪਤਾਲ ਤੋਂ ਚਿਕਿਤਸਕ ਰਿਕਾਰਡਾਂ ਨੂੰ ਦੇਖਣਾ

3) ਇਹ ਦੱਸਣ ਲਈ ਕਿ ਲੋਕਾਂ ਨੂੰ ਕੋਵਿਡ ਹੋਇਆ ਹੈ, ਇਕ ਸਵੈਬਿੰਗ ਅਧਿਐਨ

4) ਇਹ ਦੱਸਣ ਲਈ ਕਿ ਲੋਕਾਂ ਨੇ ਕੋਵਿਡ ਪ੍ਰਤੀਰੋਧਕ ਸਮਰੱਥਾ ਵਿਕਸਤ ਕੀਤੀ ਹੈ, ਖ਼ੂਨ ਦੀਆਂ ਜਾਂਚਾਂ ਦਾ ਇਕ ਅਧਿਐਨ।

ਅਸੀਂ ਚਾਹੁੰਦੇ ਹਾਂ ਕਿ ਉਹ ਸਾਰੇ ਘਰ ਦੇ ਰਿਹਾਇਸ਼ੀ ਜੋ ਵਾਇਰਸ ਵਾੱਚ (Virus Watch) ਦਾ ਹਿੱਸਾ ਹਨ ਉਹ ਪਹਿਲੇ ਦੋ ਹਿੱਸਿਆਂ ਵਿਚ ਭਾਗ ਲੈਣ ਪਰ ਕੇਵਲ ਕੁਝ ਘਰਾਂ ਦੇ ਰਿਹਾਇਸ਼ੀਆਂ ਨੂੰ ਤੀਜੇ ਅਤੇ ਚੌਥੇ ਅਧਿਐਨਾਂ ਵਿਚ ਭਾਗ ਲੈਣ ਲਈ ਚੁਣਿਆ ਜਾਵੇਗਾ। ਅਸੀਂ ਇਸ ਗੱਲ ਦੀ ਚੋਣ ਕਰਾਂਗੇ ਕਿ ਕਿਹੜੇ ਰਿਹਾਇਸ਼ੀ ਨੂੰ ਸਵੈਬਿੰਗ ਅਤੇ ਖ਼ੂਨ ਦੀ ਜਾਂਚ ਦੇ ਅਧਿਐਨਾਂ ਵਿਚ ਸ਼ਾਮਲ ਹੋਣ ਲਈ ਸੱਦਾ ਦੇਣਾ ਹੈ ਤਾਂ ਜੋ ਸਾਨੂੰ ਘਰਾਂ ਦੇ ਰਿਹਾਇਸ਼ੀਆਂ ਦਾ ਇਕ ਚੰਗਾ ਮਿਸ਼ਰਣ ਪ੍ਰਾਪਤ ਹੋ ਸਕੇ ਜੋ ਸਾਨੂੰ ਇਸ ਬਾਰੇ ਸਭ ਤੋਂ ਵਧੀਆ ਦੱਸ ਸਕੇ ਕਿ ਕੋਵਿਡ ਲੋਕਾਂ ਦੇ ਸਮੂਹਾਂ ਨੂੰ ਕਿਵੇਂ ਪ੍ਰਭਾਵਿਤ ਕਰ ਰਿਹਾ ਹੈ।

1) ਅਧਿਐਨ ਦੀ ਸ਼ੁਰੂਆਤ ਤੇ, ਤੁਹਾਡੇ ਘਰ ਵਿਚਲਾ ਇਕ ਬਾਲਗ ਤੁਹਾਡੇ ਬਾਰੇ ਕੁਝ ਪ੍ਰਸ਼ਨਾਂ ਦਾ ਉੱਤਰ ਦੇਵੇਗਾ। ਅਸੀਂ ਜਾਣਨਾ ਚਾਹਵਾਂਗੇ ਕਿ ਤੁਹਾਡੀ ਉਮਰ ਕਿੰਨੀ ਹੈ ਅਤੇ ਕੀ ਤੁਹਾਨੂੰ ਦਮੇ ਵਰਗੀ ਕੋਈ ਚਿਕਿਤਸਕ ਤਕਲੀਫ਼ ਹੈ।

**ਬਿਮਾਰੀ ਦੀ ਆਨਲਾਈਨ ਰਿਪੋਰਟਿੰਗ ਸਬੰਧੀ ਅਧਿਐਨ** - ਤੁਹਾਡੇ ਘਰ ਵਿਚ ਜਦੋਂ ਵੀ ਕੋਈ ਖਾਂਸੀ ਅਤੇ ਜ਼ੁਕਾਮ ਅਤੇ ਹੋਰ ਲੱਛਣਾਂ ਜੋ ਕਿ ਕੋਵਿਡ ਹੋ ਸਕਦੇ ਹਨ, ਨਾਲ ਬਿਮਾਰ ਹੁੰਦਾ ਹੈ ਤਾਂ ਉਨ੍ਹਾਂ ਨੂੰ ਉਨ੍ਹਾਂ ਸਾਰੇ ਦਿਨਾਂ ਜਿਨ੍ਹਾਂ ਦਿਨਾਂ ਨੂੰ ਉਹ ਬਿਮਾਰ ਹੁੰਦੇ ਹਨ, ਬਾਰੇ ਲਿਖਣਾ ਪਵੇਗਾ ਕਿ ਉਹ ਕਿਸ ਤਰ੍ਹਾਂ ਮਹਿਸੂਸ ਕਰ ਰਹੇ ਹਨ। ਤੁਹਾਡਾ ਪਰਿਵਾਰ ਇਸ ਵਿਚ ਤੁਹਾਡੀ ਮਦਦ ਕਰ ਸਕਦਾ ਹੈ।
ਹਰ ਹਫ਼ਤੇ ਤੁਹਾਡੇ ਘਰ ਵਿਚਲਾ ਬਾਲਗ ਇਹ ਪੁੱਛਦੀ ਇਕ ਈਮੇਲ ਪ੍ਰਾਪਤ ਕਰੇਗਾ ਕਿ ਘਰ ਵਿਚ ਕੋਈ ਬਿਮਾਰ ਸੀ ਜਾਂ ਨਹੀਂ ਅਤੇ ਉਨ੍ਹਾਂ ਨੂੰ ਬਿਮਾਰ ਵਿਅਕਤੀ ਦੇ ਲੱਛਣਾਂ ਨੂੰ ਕੰਪਿਊਟਰ 'ਤੇ ਰਿਕਾਰਡ ਕਰਨ ਲਈ ਕਹੇਗਾ।

ਅਸੀਂ, ਤੁਹਾਨੂੰ ਹੋਈਆਂ ਕਿਸੇ ਵੀ ਤਰ੍ਹਾਂ ਦੀਆਂ ਸਾਹ ਦੀਆਂ ਲਾਗਾਂ ਨਾਲ ਸਬੰਧਤ ਡਾਕਟਰ ਕੋਲ ਜਾਂ ਹਸਪਤਾਲ ਕੋਲ ਕੀਤੀਆਂ ਮੁਲਾਕਾਤਾਂ ਨੂੰ ਰਿਕਾਰਡ ਕਰਨ ਲਈ **ਤੁਹਾਡੇ ਚਿਕਿਤਸਕ ਰਿਕਾਰਡਾਂ ਨੂੰ ਦੇਖਣਾ** ਚਾਹਵਾਂਗੇ। ਅਸੀਂ ਅਧਿਐਨ ਦੀ ਸਮਾਪਤੀ ਤੋਂ ਬਾਅਦ 5 ਸਾਲ ਤੱਕ ਅਜਿਹਾ ਕਰ ਸਕਦੇ ਹਾਂ। ਅਜਿਹਾ ਇਸ ਕਰਕੇ ਹੈ ਕਿਉਂਕਿ ਅਸੀਂ ਆਸ ਕਰਦੇ ਹਾਂ ਕਿ ਵਿਸ਼ਾਣੂੰ ਹਰ ਸਰਦੀਆਂ ਦੇ ਮੌਸਮ ਵਿਚ ਵਾਪਸ ਆਏਗਾ।

3) ਘਰਾਂ ਦੇ ਰਿਹਾਇਸ਼ੀਆਂ ਵਿਚ ਕੁਝ ਨੂੰ ਬਿਮਾਰੀ ਦੇ ਦੌਰਾਨ **ਨੱਕ ਅਤੇ ਗਲੇ ਦੇ ਸਵੈਬਜ਼** ਮੁਹੱਈਆ ਕਰਵਾਉਣ ਲਈ ਕਿਹਾ ਜਾਵੇਗਾ। ਇਸ ਨਾਲ ਦਰਦ ਨਹੀਂ ਹੁੰਦੀ ਹੈ ਅਤੇ ਇਸ ਵਿਚ ਮਾਪਿਆਂ ਜਾਂ ਸਰਪ੍ਰਸਤ ਦੁਆਰਾ ਇਕ ਛੋਟੇ ਜਿਹੇ ਬਰੱਸ਼ ਨੂੰ ਲੈਣਾ ਅਤੇ ਗਲੇ ਦੇ ਪਿਛਲੇ ਪਾਸੇ ਹਲਕਾ ਜਿਹਾ ਰਗੜਨਾ, ਅਤੇ ਫਿਰ ਤੁਹਾਡੇ ਨੱਕ ਦੇ ਅੰਦਰ ਹਲਕਾ ਜਿਹਾ ਰਗੜਨਾ ਸ਼ਾਮਲ ਹੁੰਦਾ ਹੈ। ਇਸਦੇ ਬਾਅਦ ਇਸਨੂੰ ਪ੍ਰਯੋਗਸ਼ਾਲਾ ਵਿਚ ਵਿਗਿਆਨੀਆਂ ਕੋਲ ਭੇਜ ਦਿੱਤਾ ਜਾਂਦਾ ਹੈ ਜੋ ਕੋਵਿਡ-19 ਦੇ ਲਈ ਇਸਦੀ ਜਾਂਚ ਕਰਨਗੇ ਅਤੇ ਇਸਨੂੰ ਸਾਹ ਪ੍ਰਣਾਲੀਆਂ ਦੀਆ□ ਹੋਰ ਲਾਗਾਂ (ਜਿਵੇਂ ਕਿ ਜ਼ੁਕਾਮ ਅਤੇ ਫਲੂ) ਦੀਆਂ ਜਾਂਚਾਂ ਲਈ ਸਟੋਰ ਕੀਤਾ ਜਾਵੇਗਾ।

ਜਦੋਂ ਤੁਹਾਡੇ ਘਰ ਵਿਚ ਕੋਈ ਦੂਸਰਾ ਬਿਮਾਰ ਹੁੰਦਾ ਹੈ ਤਾਂ ਅਸੀਂ ਵੱਖ-ਵੱਖ ਦਿਨਾਂ ਨੂੰ ਨੱਕ ਅਤੇ ਗਲੇ ਦੇ ਹੋਰ ਸਵੈਬਜ਼ ਲੈਣ ਲਈ ਵੀ ਕਹਿ **ਸਕਦੇ** ਹਾਂ। ਇਹ ਸਾਨੂੰ ਦੱਸੇਗਾ ਕਿ ਕੋਵਿਡ-19 ਕਿੰਨੀ ਤੇਜ਼ੀ ਅਤੇ ਆਸਾਨੀ ਨਾਲ ਇਕ ਵਿਅਕਤੀ ਤੋ□ ਦੂਜੇ ਵਿਅਕਤੀ ਤੱਕ ਫੈਲਦਾ ਹੈ ਅਤੇ ਲੋਕਾਂ ਨੂੰ ਬਿਮਾਰ ਹੋਏ ਬਿਨਾਂ ਕੋਵਿਡ ਅਕਸਰ ਕਿੰਨਾ ਹੁੰਦਾ ਹੈ।

4) ਅਸੀਂ ਤੁਹਾਨੂੰ ਦੋ ਵੱਖ-ਵੱਖ ਮੌਕਿਆਂ 'ਤੇ ਖ਼ੂਨ ਦੀ ਥੋੜ੍ਹੀ ਜਿਹੀ ਮਾਤਰਾ (ਤਕਰੀਬਨ 3 ਭਰੇ ਛੋਟੇ ਚਮਚ – 15ml) ਦੇਣ ਲਈ ਵੀ ਕਹਿ **ਸਕਦੇ** ਹਾਂ। ਅਸੀਂ ਤਵਚਾ ਨੂੰ ਸੁੰਨ ਕਰਨ ਵਾਲੀ ਇਕ ਕ੍ਰੀਮ ਦੀ ਵਰਤੋਂ ਕਰ ਸਕਦੇ ਹਾ□ ਤਾਂ ਜੋ ਤੁਹਾਨੂੰ ਸੂਈ ਦੀ ਬਹੁਤੀ ਚੋਭ ਮਹਿਸੂਸ ਨਾ ਹੋਏ। ਖ਼ੂਨ ਦਾ ਇਹ ਨਮੂਨਾ ਸਾਨੂੰ ਇਸ ਬਾਰੇ ਮਹੱਤਵਪੂਰਨ ਚੀਜ਼ਾਂ ਦੱਸੇਗਾ ਕਿ ਸਾਡੇ ਸਰੀਰ ਦੀ ਰੱਖਿਆ ਪ੍ਰਣਾਲੀ, ਕੋਵਿਡ-19 ਅਤੇ ਸਾਹ ਪ੍ਰਣਾਲੀ ਦੀਆਂ ਹੋਰ ਲਾਗਾਂ ਲਈ ਕਿਸ ਤਰ੍ਹਾਂ ਪ੍ਰਤੀਕ੍ਰਿਆ ਕਰਦੀ ਹੈ ਅਤੇ ਇਹ ਸੁਰੱਖਿਆ ਕਿੰਨੀ ਦੇਰ ਤੱਕ ਰਹਿ ਸਕਦੀ ਹੈ। ਖ਼ੂਨ ਦਾ ਇਹ ਟੈਸਟ ਜਾਂ ਤਾਂ ਡਾਕਟਰ ਦੇ ਕਲੀਨਿਕ ਜਾਂ ਹਸਪਤਾਲ ਵਿਚ ਹੁੰਦਾ ਹੈ ਜਾਂ ਤੁਹਾਡੇ ਘਰ ਵਿਚ ਹੁੰਦਾ ਹੈ।

ਜੇ ਤੁਸੀਂ ਖ਼ੂਨ ਦਾ ਨਮੂਨਾ ਪ੍ਰਦਾਨ ਨਹੀਂ ਕਰਨਾ ਚਾਹੁੰਦੇ, ਤਾਂ ਅਸੀਂ ਤੁਹਾਨੂੰ ਉਂਗਲ ਤੇ ਸੂਈ ਮਾਰ ਕੇ ਦਿੱਤਾ ਜਾਣ ਵਾਲਾ ਨਮੂਨਾ ਦੇਣ ਲਈ ਕਹਿ **ਸਕਦੇ** ਹਾਂ। ਅਜਿਹਾ ਤੁਹਾਡੀ ਉਂਗਲ ਤੇ ਥੋੜ੍ਹੀ ਜਿਹੀ ਸੂਈ ਚੋਭ ਕੇ ਅਤੇ ਇਕ ਟੈਸਟਿੰਗ ਕੈਸੇਟ ਉੱਪਰ ਖ਼ੂਨ ਦੀ ਇਕ ਬੂੰਦ ਇਕੱਤਰ ਕਰਕੇ ਕੀਤਾ ਜਾਂਦਾ ਹੈ। 10 ਮਿਨਟ ਦੇ ਅੰਦਰ ਟੈਸਟ ਸਾਨੂੰ ਇਹ ਦੱਸੇਗਾ ਕਿ ਕੀ ਤੁਹਾਨੂੰ ਭੂਤਕਾਲ ਵਿਚ ਕੋਵਿਡ-19 ਹੋਇਆ ਹੋ ਸਕਦਾ ਹੈ।

5) ਅਸੀਂ ਤੁਹਾਨੂੰ ਤੁਹਾਡੇ ਘਰ ਵਿਚ ਕਿਸੇ ਨੂੰ ਕੋਵਿਡ-19 ਦੇ ਹੋਣ ਦੇ 2 ਹਫ਼ਤਿਆਂ ਬਾਅਦ ਉੱਪਰ ਦੱਸੇ ਅਨੁਸਾਰ ਉਂਗਲ ਵਿਚ ਸੂਈ ਚੋਭ ਕੇ ਪ੍ਰਦਾਨ ਕੀਤੇ ਜਾਣ ਵਾਲੇ ਨਮੂਨੇ ਪ੍ਰਦਾਨ ਕਰਨ ਲਈ **ਕਹਿ ਸਕਦੇ** ਹਾਂ।

**ਤੁਹਾਡੇ ਲਈ ਖ਼ੂਨ ਦੇਣਾ ਲਾਜ਼ਮੀ ਨਹੀਂ ਹੈ ਇਹ ਪੂਰੀ ਤਰ੍ਹਾਂ ਤੁਹਾਡੀ ਮਰਜ਼ੀ ਉੱਪਰ ਨਿਰਭਰ ਕਰਦਾ ਹੈ ਅਤੇ ਜੇ ਤੁਸੀਂ ਖ਼ੂਨ ਨਾ ਦੇਣਾ ਚੁਣਦੇ**

**ਹੋ ਤਾਂ ਵੀ ਤੁਸੀਂ ਅਧਿਐਨ ਵਿਚ ਭਾਗ ਲੈ ਸਕਦੇ ਹੋ।**

**ਇਹ ਅਧਿਐਨ ਕਿੰਨੀ ਦੇਰ ਤੱਕ ਚੱਲੇਗਾ?**

ਇਹ ਅਧਿਐਨ ਅਗਲੇ ਸਾਲ (2021) ਦੀ ਬਸੰਤ ਰੁੱਤ ਤੱਕ ਚੱਲੇਗਾ।

**ਜੇ ਮੈਂ ਹੋਰ ਪ੍ਰਸ਼ਨ ਪੁੱਛਣੇ ਹੋਣ ਤਾਂ ਕੀ ਕਰਾਂ?**

ਜੇ ਤੁਸੀਂ ਹੋਰ ਪ੍ਰਸ਼ਨ ਪੁੱਛਣਾ ਚਾਹੁੰਦੇ ਹੋ ਤਾਂ ਤੁਸੀਂ ਕਿਸੇ ਬਾਲਗ ਨੂੰ ਸਾਨੂੰ ਇੱਥੇ ਈਮੇਲ ਭੇਜਣ ਲਈ ਕਹਿ ਸਕਦੇ ਹੋ: viruswatch@ucl.ac.uk

**ਵਾਇਰਸ ਵਾੱਚ (VIRUS WATCH) ਬਾਰੇ ਪੜ੍ਹਨ ਲਈ ਤੁਹਾਡਾ**

**ਧੰਨਵਾਦ**

ਜੇ ਤੁਸੀਂ ਕੋਈ ਪੁੱਛਗਿੱਛ ਕਰਨੀ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਯੂ ਸੀ ਐਲ ਵਾਇਰਸ ਵਾੱਚ ਪ੍ਰੋਜੈਕਟ ਮੈਨੇਜਰ (UCL Virus Watch Project Manager) ਨਾਲ ਸੰਪਰਕ ਕਰੋ: viruswatch@ucl.ac.uk

1-19 ਟੋਰਿੰਗਟਨ ਪਲੇਸ, ਫਿਟਜ਼ਰੋਵਿਆ, ਲੰਡਨ (Torrington Place, Fitzrovia, London) WC1E 7HB